# ਮੇਰੇ My Health Record (ਮੇਰਾ ਸਿਹਤ ਰਿਕਾਰਡ) 'ਚ ਕੀ ਸ਼ਾਮਲ ਹੈ?

**ਤੁਹਾਡੇ *My Health Record* 'ਚ ਇਹ ਸ਼ਾਮਲ ਹੋ ਸਕਦੇ ਹਨ:**

- ਤੁਹਾਡੇ ਡਾਕਟਰ ਵੱਲੋਂ ਤਜਵੀਜ਼ ਕੀਤੀਆਂ ਗਈਆਂ ਦਵਾਈਆਂ
- ਤੁਹਾਡੇ ਮੈਡੀਕੇਅਰ ਦਾਅਵਿਆਂ ਦਾ ਇਤਿਹਾਸ
- ਤੁਹਾਡਾ ਅੰਗ ਦਾਨ ਕਰਨ ਦਾ ਫ਼ੈਸਲਾ

**ਤੁਹਾਡੇ ਡਾਕਟਰ ਅਤੇ ਦੂਜੇ ਸਿਹਤ-ਸੰਭਾਲ ਪ੍ਰਦਾਤਾ ਤੁਹਾਡੇ *My Health Record* ਨੂੰ ਵੇਖ ਸਕਦੇ ਹਨ ਅਤੇ ਉਸ 'ਚ ਹੋਰ ਜਾਣਕਾਰੀ ਜੋੜ ਸਕਦੇ ਹਨ, ਜਿਸ 'ਚ ਸ਼ਾਮਲ ਹਨ:**

- ਤੁਹਾਡੇ ਮੈਡੀਕਲ ਇਤਿਹਾਸ, ਅਵਸਥਾਵਾਂ ਅਤੇ ਇਲਾਜਾਂ ਦਾ ਸਾਰ
- ਹਸਪਤਾਲ ਤੋਂ ਛੁੱਟੀ ਹੋਣ ਦੀ ਜਾਣਕਾਰੀ
- ਤਸ਼ਖੀਸੀ ਇਮੇਜਿੰਗ ਦੀਆਂ ਰਿਪੋਰਟਾਂ (ਜਿਵੇਂ ਅਲਟ੍ਰਾਸਾਉਂਡ ਜਾਂ ਐਕਸ-ਰੇ ਦੇ ਨਤੀਜੇ)*
- ਪੈਥੋਲੌਜੀ ਦੀਆਂ ਰਿਪੋਰਟਾਂ* (ਜਿਵੇਂ ਖੂਨ ਦੀਆਂ ਜਾਂਚਾਂ)
- ਮਾਹਰਾਂ ਦੇ ਪੱਤਰ

**ਤੁਸੀਂ ਇਹ ਜੋੜ ਸਕਦੇ ਹੋ:**

- ਤੁਹਾਨੂੰ ਹੋਣ ਵਾਲੀਆਂ ਕੋਈ ਐਲਰਜੀਆਂ ਅਤੇ ਅਣਸੁਖਾਵੀਂ ਪ੍ਰਤਿਕ੍ਰਿਆਵਾਂ
- ਐਮਰਜੈਂਸੀ ਸੰਪਰਕ ਅਤੇ ਉਨ੍ਹਾਂ ਦਾ ਵੇਰਵਾ
- ਤੁਹਾਡੇ ਨਿੱਜੀ ਸਿਹਤ ਨੋਟਸ
- ਤੁਹਾਡੀ ਉੱਨਤ ਦੇਖਭਾਲ ਯੋਜਨਾ ਸਬੰਧੀ ਜਾਣਕਾਰੀ (ਇਹ ਤੁਹਾਡੀ ਸਿਹਤ ਸੰਭਾਲ ਬਾਰੇ ਤੁਹਾਡੀਆਂ ਇੱਛਾਵਾਂ ਨੂੰ ਰਿਕਾਰਡ ਕਰਦੀ ਹੈ ਜੇਕਰ ਕਦੇ ਤੁਸੀਂ ਇੰਨੇ ਬਿਮਾਰ ਹੋਵੋ ਕਿ ਗੱਲਬਾਤ ਨਾ ਕਰ ਸਕੋ)
- ਤੁਹਾਡੇ ਦੁਆਰਾ ਲਈਆਂ ਜਾ ਰਹੀਆਂ ਦੂਜੀਆਂ ਦਵਾਈਆਂ, ਜਿਵੇਂ ਆਮ ਦਵਾਈਆਂ

ਤੁਸੀਂ ਪਹੁੰਚ ਨਿਯੰਤ੍ਰਣ ਸੈੱਟ ਕਰ ਕੇ ਤੁਹਾਡੇ *My Health Record* ਤਕ ਪਹੁੰਚ ਨੂੰ ਅਨੁਕੂਲਿਤ ਵੀ ਕਰ ਸਕਦੇ ਹੋ ਜਿਸ 'ਚ ਇਹ ਸ਼ਾਮਲ ਹੈ ਕਿ, ਕਿਸੇ ਵੀ ਸਮੇਂ, ਤੁਹਾਡੀ ਜਾਣਕਾਰੀ ਕੌਣ ਵੇਖ ਸਕਦਾ ਹੈ ਜਾਂ ਤੁਹਾਡੇ ਰਿਕਾਰਡ ਨੂੰ ਰੱਦ ਕਰ ਸਕਦਾ ਹੈ।

* ਕਾਰਜਕੁਸ਼ਲਤਾ ਛੇਤੀ ਪੇਸ਼ ਕੀਤੀ ਜਾਵੇਗੀ

"My Health Record ਮੇਰੀ ਦੇਖਭਾਲ ਕਰਦਾ ਹੈ। ਅਤੇ ਉਸਦਾ ਇਹੋ ਮੰਤਵ ਹੈ।"

**ਇਐਨ**, ਸੇਵਾ ਨਿਵਿਰਤ ਪਾਇਲਟ ਅਤੇ ਕਿਸਾਨ, ਦੱਖਣੀ ਆਸਟ੍ਰੇਲੀਆ



# ਐਮਰਜੈਂਸੀ 'ਚ My Health Record ਨੇ ਮੇਰੀ ਮਦਦ ਕਿੰਝ ਕੀਤੀ

"

ਮੇਰੇ ਪੁੱਤਰ ਦਾ ਜਨਮਦਿਨ ਸੀ ਅਤੇ ਜਸ਼ਨ ਮਨਾਉਣ ਲਈ ਮੈਂ ਉਸਨੂੰ ਮਿਲਨ ਸਿਡਨੀ ਗਿਆ ਸੀ। ਅਸੀਂ ਹੋਟਲ 'ਚ ਚੈੱਕ-ਇਨ ਕੀਤਾ ਅਤੇ ਤਿੰਨ ਘੰਟਿਆਂ ਬਾਅਦ ਮੈਨੂੰ ਐਮਬੁਲੈਂਸ 'ਚ ਹਸਪਤਾਲ ਲਿਜਾਇਆ ਜਾ ਰਿਹਾ ਸੀ।

ਉਨ੍ਹਾਂ ਨੇ ਪਤਾ ਲਗਾਇਆ ਕਿ ਮੈਨੂੰ ਪੈਨਕ੍ਰਿਆਟਾਇਟਿਸ ਸੀ। ਚਾਰ ਦਿਨ ਹਸਪਤਾਲ 'ਚ ਰਹਿਣ ਤੋਂ ਬਾਅਦ, ਮੈਂ ਉਨ੍ਹਾਂ ਨਾਲ ਗੱਲ ਕੀਤੀ ਕਿ ਮੇਰੇ ਘਰ ਪਹੁੰਚਦੇ ਹੀ ਜਦੋਂ ਤਕ ਮੈਨੂੰ ਮਹੱਤਵਪੂਰਨ ਫ਼ੌਲੋ-ਅੱਪ ਲਈ ਆਪਣੇ ਡਾਕਟਰ ਨੂੰ ਮਿਲਣਾ ਹੋਵੇ ਉਹ ਮੈਨੂੰ ਬਾਹਰ ਜਾਣ ਦੇਣ।

ਜਦੋਂ ਮੈਂ ਆਪਣੇ ਡਾਕਟਰ ਕੋਲ ਪਹੁੰਚਿਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਹਸਪਤਾਲ ਨੇ ਮੇਰੇ ਲੋੜੀਂਦੇ ਇਲਾਜ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਸੀ। ਖ਼ੁਸ਼ਕਿਸਮਤੀ ਨਾਲ ਮੇਰੇ ਡਾਕਟਰ ਨੇ My Health Record ਵੇਖਿਆ ਅਤੇ ਇਕ ਮਿੰਟ ਦੇ ਅੰਦਰ ਉਸਨੂੰ ਉਹ ਵੇਰਵਾ ਮਿਲ ਗਿਆ ਕਿ ਮੇਰੀ ਦੇਖਭਾਲ ਕਰਨ ਲਈ ਕੀ ਕਰਨ ਦੀ ਲੋੜ ਸੀ।"

# ਜਾਣਕਾਰੀ ਅਤੇ ਮਦਦ

**ਮੈਨੂੰ ਵਧੇਰੀ ਜਾਣਕਾਰੀ ਜਾਂ ਮਦਦ ਕਿੱਥੋਂ ਮਿਲ ਸਕਦੀ ਹੈ?**

- **myhealthrecord.gov.au** 'ਤੇ ਜਾਓ
- ਸਾਡੀ ਹੈੱਲਪ ਲਾਈਨ ਜਾਂ **1800 723 471** 'ਤੇ ਕਾਲ ਕਰੋ
- **Medicare Service Centre** 'ਚ ਜਾਓ

**ਕੋਈ ਹੋਰ ਮਦਦ?**

ਐਬਓਰਿਜਨਲ ਐਂਡ ਟੌਰੇਸ ਸਟ੍ਰੇਟ ਆਈਲੈਂਡਰਸ
**1800 723 471** 'ਤੇ ਕਾਲ ਕਰੋ

ਜੇਕਰ ਤੁਸੀਂ ਅਜਿਹੇ ਕਿਸੇ ਵਿਅਕਤੀ ਦੇ ਮਾਤਾ/ਪਿਤਾ, ਦੇਖਭਾਲਕਰਤਾ ਹੋ ਜਾਂ ਉਸਦੀ ਸਹਾਇਤਾ ਕਰਦੇ ਹੋ ਜਿਸਨੂੰ ਮਦਦ ਦੀ ਲੋੜ ਹੈ ਅਤੇ ਇਹ ਜਾਣਨਾ ਚਾਹੁੰਦੇ ਹੋ ਕਿ ਇਹ ਤੁਹਾਡੇ ਉੱਤੇ ਕਿੰਝ ਅਸਰ ਕਰਦਾ ਹੈ, ਤਾਂ ਇਹ ਵੇਖੋ:
**myhealthrecord.gov.au/parentsandcarers**

ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਦੀ ਤਕਲੀਫ਼ ਹੈ, ਤਾਂ **relayservice.gov.au** ਦੀ ਵਰਤੋਂ ਕਰੋ ਜਾਂ **1300 555 727** 'ਤੇ ਕਾਲ ਕਰੋ

ਜੇਕਰ ਤੁਹਾਨੂੰ ਕਿਸੇ ਹੋਰ ਭਾਸ਼ਾ 'ਚ ਮਦਦ ਦੀ ਲੋੜ ਹੈ ਤਾਂ **131 450** 'ਤੇ ਕਾਲ ਕਰੋ

ਸਾਡੀ ਪਰਦਾਦਾਰੀ ਨੀਤੀ 'ਚ ਇਸ ਬਾਰੇ ਜਾਣਕਾਰੀ ਸ਼ਾਮਲ ਹੈ ਕਿ ਤੁਸੀਂ ਜਾਣਕਾਰੀ ਤਕ ਕਿੰਝ ਪਹੁੰਚ ਸਕਦੇ ਹੋ ਅਤੇ ਉਸ 'ਚ ਸੋਧ ਕਰ ਸਕਦੇ ਹੋ, ਜਾਂ ਪਰਦੇਦਾਰੀ ਦੀ ਕਿਸੇ ਉਲੰਘਣਾ ਬਾਰੇ ਕਿੰਝ ਸ਼ਿਕਾਇਤ ਦਰਜ ਕਰ ਸਕਦੇ ਹੋ।
**myhealthrecord.gov.au/privacy** ਵੇਖੋ ਜਾਂ
**1800 723 471** 'ਤੇ ਸਾਨੂੰ ਕਾਲ ਕਰੋ

Punjabi

Australian Government
Australian Digital Health Agency

My Health Record

# My Health Record

## ਉਹ ਸਭ ਜੋ ਤੁਹਾਨੂੰ ਜਾਣਨ ਦੀ ਲੋੜ ਹੈ



myhealthrecord.gov.au

# My Health Record
## ਤੀਬਰ ਤੱਥ

***My Health Record*** ਰਾਸ਼ਟਰੀ ਡਿਜਿਟਲ ਸਿਹਤ ਰਿਕਾਰਡ ਸਿਸਟਮ ਦਾ ਨਵਾਂ ਨਾਂ ਹੈ। *My Health Record* ਹੋਣ ਦਾ ਇਹ ਮਤਲਬ ਹੈ ਕਿ ਤੁਹਾਡੀ ਮਹੱਤਵਪੂਰਨ ਸਿਹਤ-ਸਬੰਧੀ ਜਾਣਕਾਰੀ ਜਿਵੇਂ ਐਲਰਜੀਆਂ, ਮੈਡੀਕਲ ਅਵਸਥਾਵਾਂ ਅਤੇ ਇਲਾਜ, ਦਵਾਈਆਂ ਦਾ ਵੇਰਵਾ, ਜਾਂਚ ਜਾਂ ਸਕੈਨ ਦੀਆਂ ਰਿਪੋਰਟਾਂ ਡਿਜਿਟਲ ਢੰਗ ਨਾਲ ਇਕੋ ਥਾਂ 'ਤੇ ਰੱਖਿਅਤ ਕੀਤੀਆਂ ਜਾ ਸਕਦੀਆਂ ਹਨ।

**ਸਿਹਤ-ਸੰਭਾਲ ਪ੍ਰਦਾਤਾ**, ਜਿਵੇਂ ਡਾਕਟਰ, ਮਾਹਰ ਅਤੇ ਹਸਪਤਾਲ ਦੇ ਮੁਲਾਜ਼ਮ, ਕਿਸੇ ਵੀ ਸਮੇਂ ਲੋੜ ਪੈਣ 'ਤੇ, ਜਿਵੇਂ ਕੋਈ ਹਾਦਸਾ ਜਾਂ ਐਮਰਜੈਂਸੀ, ਕਿਤੋਂ ਵੀ ਉਸਨੂੰ ਆਨਲਾਈਨ ਵੇਖ ਸਕਦੇ ਹਨ।

**ਜਿਵੇਂ-ਜਿਵੇਂ ਹੋਰ** ਲੋਕ *My Health Record* ਸਿਸਟਮ ਦੀ ਵਰਤੋਂ ਕਰਨਗੇ, ਆਸਟ੍ਰੇਲੀਆ ਦਾ ਰਾਸ਼ਟਰੀ ਸਿਹਤ ਸਿਸਟਮ ਬਿਹਤਰ ਢੰਗ ਨਾਲ ਕਨੈਕਟ ਹੋ ਜਾਵੇਗਾ। ਇਸਦੇ ਨਤੀਜੇ ਵਜੋਂ ਤੁਹਾਡੇ ਅਤੇ ਤੁਹਾਡੇ ਪਰਵਾਰ ਦੀ ਬਿਹਤਰ, ਜ਼ਿਆਦਾ ਤੇਜ਼ ਅਤੇ ਜ਼ਿਆਦਾ ਕੁਸ਼ਲ ਦੇਖਭਾਲ ਹੋਵੇਗੀ।

**2.6 ਮਿਲਿਅਨ ਤੋਂ ਵੱਧ** ਆਸਟ੍ਰੇਲੀਆਈ ਲੋਕਾਂ ਕੋਲ ਪਹਿਲਾਂ ਤੋਂ *My Health Record* (ਜਿਸਨੂੰ ਕਦੇ ਵਿਅਕਤੀਗਤ ਤੌਰ 'ਤੇ ਨਿਯੰਤ੍ਰਿਤ ਇਲੈਕਟ੍ਰਾਨਿਕ ਸਿਹਤ ਰਿਕਾਰਡ ਜਾਂ PCEHR ਕਿਹਾ ਜਾਂਦਾ ਸੀ) ਹੈ। ਤਕਰੀਬਨ **2,000** ਆਸਟ੍ਰੇਲੀਆਈ ਲੋਕ ਹਰ ਰੋਜ਼ ਸਾਈਨ ਅੱਪ ਕਰ ਰਹੇ ਹਨ।

***My Health Record*** ਕਨੂੰਨ ਹੇਠ ਸੁਰੱਖਿਅਤ ਅਤੇ ਨਿਯੰਤ੍ਰਿਤ ਹੈ, ਬਿਲਕੁਲ ਆਨਲਾਈਨ ਬੈਂਕਿੰਗ ਵਾਂਗ।

# My Health Record ਹੋਣ ਦੇ ਫ਼ਾਇਦੇ

## ਬਿਹਤਰ ਪਹੁੰਚ

ਤੁਹਾਡੀ ਮਹੱਤਵਪੂਰਨ ਸਿਹਤ-ਸੰਭਾਲ ਜਾਣਕਾਰੀ ਇਕੋ ਥਾਂ 'ਤੇ ਆਨਲਾਈਨ ਉਪਲਬਧ ਹੋ ਸਕਦੀ ਹੈ, ਅਧਿਕ੍ਰਿਤ ਡਾਕਟਰ, ਮਾਹਰ ਜਾਂ ਹਸਪਤਾਲ ਜਿਸ ਤਕ ਅਸਾਨੀ ਨਾਲ ਪਹੁੰਚ ਸਕਦੇ ਹਨ।

ਭਾਵੇਂ ਤੁਸੀਂ ਅਸਥਾਨ ਬਦਲਦੇ ਹੋ ਜਾਂ ਇਕ ਸੂਬੇ ਤੋਂ ਦੂਜੇ ਸੂਬੇ 'ਚ ਸਫ਼ਰ ਕਰਦੇ ਹੋ, ਜਾਣਕਾਰੀ ਸੁਰੱਖਿਅਤ ਢੰਗ ਨਾਲ, ਕਿਤੋਂ ਵੀ, ਕਿਸੇ ਵੀ ਸਮੇਂ, ਆਨਲਾਈਨ ਵੇਖੀ ਜਾ ਸਕਦੀ ਹੈ।

ਜੇਕਰ ਤੁਸੀਂ ਚਾਹੋ, ਤਾਂ ਇੰਟਰਨੈੱਟ ਕਨੈਕਸ਼ਨ ਵਾਲੇ ਕੰਪਿਊਟਰ ਰਾਹੀਂ ਤੁਸੀਂ ਆਪਣੀ ਸਿਹਤ-ਸਬੰਧੀ ਜਾਣਕਾਰੀ ਤਕ ਪਹੁੰਚ ਸਕਦੇ ਹੋ। ਤੁਸੀਂ ਨਿਯੰਤ੍ਰਿਤ ਕਰਦੇ ਹੋ ਕਿ ਉਸਨੂੰ ਕੌਣ ਵੇਖ ਸਕਦਾ ਹੈ। ਇਕ ਵਾਰੀ ਸੈੱਟ ਅੱਪ ਕਰਨ ਤੋਂ ਬਾਅਦ ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।

## ਸਖ਼ਤ ਸੁਰੱਖਿਆ

ਜੇਕਰ ਤੁਸੀਂ ਚੋਣ ਕਰਦੇ ਹੋ ਤਾਂ ਤੁਸੀਂ ਇਹ ਨਿਯੰਤ੍ਰਿਤ ਕਰ ਸਕਦੇ ਹੋ ਕਿ ਤੁਹਾਡੇ *My Health Record* 'ਚ ਮੌਜੂਦ ਜਾਣਕਾਰੀ ਨੂੰ ਕੌਣ ਵੇਖ ਸਕਦਾ ਹੈ।

ਤੁਹਾਡੀ ਸਿਹਤ-ਸਬੰਧੀ ਜਾਣਕਾਰੀ ਨੂੰ ਦੁਰਵਰਤੋਂ ਜਾਂ ਨੁਕਸਾਨ ਤੋਂ ਬਚਾਉਣ ਲਈ ਇਸ ਬਾਰੇ ਸਖ਼ਤ ਨਿਯਮ ਅਤੇ ਕਾਇਦੇ ਹਨ ਕਿ ਤੁਹਾਡੇ *My Health Record* ਨੂੰ ਕੌਣ ਵੇਖ ਸਕਦਾ ਹੈ ਜਾਂ ਉਸਦੀ ਵਰਤੋਂ ਕਰ ਸਕਦਾ ਹੈ। ਇਨ੍ਹਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ 'ਤੇ ਜੁਰਮਾਨਾ ਲਗਾਇਆ ਜਾਂਦਾ ਹੈ।

## ਜ਼ਿਆਦਾ ਸੌਖਾ

ਤੁਹਾਨੂੰ ਆਪਣੀ ਸਿਹਤ ਦੇ ਇਤਿਹਾਸ, ਜਿਵੇਂ ਦਵਾਈਆਂ, ਗੰਭੀਰ ਹਾਲਾਤ ਦਾ ਵੇਰਵਾ, ਅਤੇ ਵੱਖਰੇ ਜਾਂ ਨਵੇਂ ਸਿਹਤ-ਸੰਭਾਲ ਪ੍ਰਦਾਤਾਵਾਂ ਨਾਲ ਹਾਲ 'ਚ ਕੀਤੀਆਂ ਗਈਆਂ ਜਾਂਚਾਂ ਦੀਆਂ ਮਿਤੀਆਂ, ਨੂੰ ਯਾਦ ਰੱਖਣ ਅਤੇ ਉਸਨੂੰ ਦੁਹਰਾਉਣ ਦੀ ਲੋੜ ਨਹੀਂ ਹੋਵੇਗੀ।

ਤੁਹਾਡੇ ਬੱਚਿਆਂ ਦੀ ਸਿਹਤ ਦੇ ਇਤਿਹਾਸ, ਜਿਵੇਂ ਟੀਕਾਕਰਨ ਅਤੇ ਮੈਡੀਕਲ ਜਾਂਚਾਂ 'ਤੇ ਵੀ ਇਹੋ ਲਾਗੂ ਹੁੰਦਾ ਹੈ।

## ਬਿਹਤਰ ਸੁਰੱਖਿਆ

ਕਿਸੇ ਮੈਡੀਕਲ ਐਮਰਜੈਂਸੀ 'ਚ, ਤੁਹਾਨੂੰ ਛੇਤੀ ਸਭ ਤੋਂ ਵਧੀਆ ਦੇਖਭਾਲ ਮੁਹੱਈਆ ਕਰਨ ਲਈ *My Health Record* ਸਿਸਟਮ ਨਾਲ ਕਨੈਕਟੇਡ ਸਿਹਤ-ਸੰਭਾਲ ਪ੍ਰਦਾਤਾ ਤੁਹਾਡੀ ਸਿਹਤ-ਸਬੰਧੀ ਜਾਣਕਾਰੀ ਨੂੰ ਵੇਖ ਸਕਦੇ ਹਨ।

ਜੇਕਰ ਤੁਸੀਂ ਚਾਹੋ, ਤਾਂ ਤੁਹਾਨੂੰ ਬਿਹਤਰ ਸਲਾਹ ਅਤੇ ਇਲਾਜ ਮੁਹੱਈਆ ਕਰਨ 'ਚ ਸਿਹਤ-ਸੰਭਾਲ ਪ੍ਰਦਾਤਾਵਾਂ ਦੀ ਮਦਦ ਕਰਨ ਲਈ ਤੁਸੀਂ ਆਪਣੀਆਂ ਕਿਸੇ ਐਲਰਜੀਆਂ, ਅਣਸੁਖਾਵੀਂ ਪ੍ਰਤਿਕ੍ਰਿਆਵਾਂ ਅਤੇ ਮੈਡੀਕਲ ਅਵਸਥਾਵਾਂ ਬਾਰੇ ਦੱਸ ਸਕਦੇ ਹੋ।

## ਪਰਦੇਦਾਰੀ-ਸਬੰਧੀ ਮਾਮਲੇ

**ਅਸੀਂ ਤੁਹਾਡੀ ਪਰਦੇਦਾਰੀ ਦੀ ਕਦਰ ਕਰਦੇ ਹਾਂ।**

*My Health Record* ਬਣਾਉਣ ਲਈ, ਅਸੀਂ ਮੈਡੀਕੇਅਰ ਅਤੇ ਕੁਝ ਹੋਰ ਸਰਕਾਰੀ ਸੰਸਥਾਵਾਂ ਤੁਹਾਡੇ ਅਤੇ ਤੁਹਾਡੇ ਬੱਚਿਆਂ ਬਾਰੇ ਜਾਣਕਾਰੀ ਇਕੱਠੀ ਕਰਾਂਗੇ ਜਿਸ 'ਚ ਤੁਹਾਡਾ ਨਾਂ, ਜਨਮ ਦੀ ਮਿਤੀ ਅਤੇ ਪਿੱਛਲੇ ਦੋ ਸਾਲਾਂ ਦੇ ਮੈਡੀਕੇਅਰ ਰਿਕਾਰਡ ਸ਼ਾਮਲ ਹੋਣਗੇ।

ਪੰਜੀਕ੍ਰਿਤ ਸਿਹਤ-ਸੰਭਾਲ ਪ੍ਰਦਾਤਾ ਸੰਗਠਨ ਜਿਵੇਂ ਜਨਰਲ ਪ੍ਰੈਕਟਿਸਿਜ਼ ਅਤੇ ਹਸਪਤਾਲ ਤੁਹਾਡੀ ਸਿਹਤ-ਸੰਭਾਲ ਕਰਦੇ ਸਮੇਂ ਤੁਹਾਡੇ *My Health Record* ਤਕ ਪਹੁੰਚ ਪਾਉਣਗੇ। ਇਹ ਸੀਮਿਤ ਕਰਨ ਲਈ ਤੁਸੀਂ ਪਹੁੰਚ ਨਿਯੰਤ੍ਰਣ ਸੈੱਟ ਕਰ ਸਕਦੇ ਹੋ ਕਿ ਕਿਹੜੇ ਸਿਹਤ-ਸੰਭਾਲ ਪ੍ਰਦਾਤਾ ਤੁਹਾਡੀ ਸਿਹਤ-ਸਬੰਧੀ ਜਾਣਕਾਰੀ ਨੂੰ ਵੇਖ ਸਕਦੇ ਹਨ।

ਅਸੀਂ ਕਿਸੇ ਹੋਰ ਨੂੰ ਤੁਹਾਡੀ ਜਾਣਕਾਰੀ ਦਾ ਖੁਲਾਸਾ ਨਹੀਂ ਕਰਦੇ, ਜਦੋਂ ਤਕ ਕਨੂੰਨ ਵੱਲੋਂ ਜ਼ਰੂਰੀ ਨਾ ਹੋਵੇ ਜਾਂ ਉਸਦੀ ਇਜਾਜ਼ਤ ਨਾ ਹੋਵੇ।

ਵਧੇਰੀ ਜਾਣਕਾਰੀ www.myhealthrecord.gov.au/privacy 'ਤੇ ਵੇਖੀ ਜਾ ਸਕਦੀ ਹੈ।

## ਸ਼ੁਰੂਆਤ ਕਰਨਾ

**1 www.myhealthrecord.gov.au 'ਤੇ ਜਾਓ**



www.myhealthrecord.gov.au 'ਤੇ ਜਾਓ ਅਤੇ Register ਕਰੋ ਬਟਨ ਦੀ ਚੋਣ ਕਰੋ। ਤੁਹਾਡਾ Medicare ਜਾਂ ਡਿਪਾਰਟਮੈਂਟ ਆੱਫ਼ ਵੇਟਰਨਜ਼ ਅਫ਼ੇਅਰਜ਼ ਕਾਰਡ ਤਿਆਰ ਰੱਖੋ। ਜੇਕਰ ਤੁਸੀਂ ਪਹਿਲਾਂ ਹੀ ਕਿਸੇ ਹੋਰ ਤਰੀਕੇ ਨਾਲ ਪੰਜੀਕਰਨ ਕਰ ਚੁੱਕੇ ਹੋ, ਤਾਂ ਸਫ਼ੇਦ 'link your record' ਬਟਨ 'ਤੇ ਕਲਿੱਕ ਕਰੋ।

**2 myGov ਵੇਖੋ**




ਇਹ ਤੁਹਾਨੂੰ my.gov.au 'ਤੇ ਲੈ ਜਾਵੇਗਾ ਅਤੇ ਤੁਹਾਨੂੰ ਸਾਈਨ ਇਨ ਕਰਨ ਲਈ ਕਹੇਗਾ। ਜੇਕਰ ਤੁਹਾਡਾ ਖਾਤਾ ਨਹੀਂ ਹੈ, ਤਾਂ ਪੰਜੀਕਰਨ ਕਰਨ ਲਈ ਚਰਣਾਂ ਦੀ ਪਾਲਣਾ ਕਰੋ। ਤੁਹਾਡੇ myGov ਖਾਤੇ 'ਚ ਪਹੁੰਚਣ 'ਤੇ ਸੇਵਾਵਾਂ ਬਟਨ 'ਤੇ ਕਲਿੱਕ ਕਰੋ ਅਤੇ *My Health Record* ਨਾਲ 'ਲਿੰਕ ਕਰੋ'।

**3 *My Health Record* ਲਈ ਸਾਈਨ ਅੱਪ ਕਰੋ**




ਤੁਹਾਡੇ *My Health Record* ਲਈ ਪੰਜੀਕਰਨ ਕਰਨ ਲਈ ਤੁਹਾਨੂੰ ਆਪਣਾ ਮੈਡੀਕੇਅਰ ਜਾਂ DVA ਵੇਰਵਾ ਅਤੇ ਕੁਝ ਹੋਰ ਜਾਣਕਾਰੀ ਮੁਹੱਈਆ ਕਰਨ ਦੀ ਲੋੜ ਹੋਵੇਗੀ।

**4 ਆਪਣੀਆਂ ਤਰਜੀਹਾਂ ਸ਼ਾਮਲ ਕਰੋ**



ਪਹਿਲੀ ਵਾਰੀ ਆਪਣਾ ਰਿਕਾਰਡ ਵੇਖਣ 'ਤੇ, ਪਹੁੰਚ ਨਿਯੰਤ੍ਰਣ ਸੈੱਟ ਕਰ ਕੇ ਅਤੇ ਕੁਝ ਮਹੱਤਵਪੂਰਨ ਜਾਣਕਾਰੀ, ਜਿਵੇਂ ਐਮਰਜੈਂਸੀ ਸੰਪਰਕ ਅਤੇ ਐਲਰਜੀਆਂ, ਨੂੰ ਸ਼ਾਮਲ ਕਰ ਕੇ ਤੁਸੀਂ ਰਿਕਾਰਡ ਨੂੰ ਸੈੱਟ ਕਰ ਸਕਦੇ ਹੋ। ਹਰ ਵਾਰੀ ਕਿਸੇ ਡਾਕਟਰ ਨੂੰ ਵਿਖਾਉਣ ਵੇਲੇ, ਉਸਨੂੰ ਤੁਹਾਡਾ ਰਿਕਾਰਡ ਅੱਪਡੇਟ ਕਰਨ ਲਈ ਕਹੋ।